ਨੰ: 6/22/2015-ਰਸ1/ 58 6521/1

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈੱਲ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਚੇਅਰਮੈਨ, ਪੰਜਾਬ ਰਾਜ ਲੋਕ ਸੇਵਾ ਕਮਿਸ਼ਨ,
ਚੇਅਰਮੈਨ, ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ,
ਮੰਡਲਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ-ਕੋਰਟ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰ,
ਰਾਜ ਦੇ ਸਮੂਹ ਜਿਲ੍ਹਿਆਂ ਦੇ ਸੈਸ਼ਨ ਜੱਜ, ਅਤੇ
ਸਮੂਹ ਉਪ ਮੰਡਲ ਅਫਸਰ (ਸਿਵਲ)।

ਮਿਤੀ, ਚੰਡੀਗੜ੍ਹ: 11-9-2015

ਵਿਸ਼ਾ:- ਮੈਰਿਟ ਦੇ ਆਧਾਰ ਤੇ ਚੁਣੇ ਗਏ ਅੰਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਰਿਜ਼ਰਵੇਸ਼ਨ ਦਾ ਹਿਸਾਬ ਲਗਾਉਂਦੇ ਸਮੇਂ ਰਿਜ਼ਰਵ ਕੋਟੇ ਵਿੱਚ ਨਾ ਗਿਣਨ ਬਾਰੇ।

*******

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ: 3/3/95-ਰਸ3/4853-54, ਮਿਤੀ 10.07.1995, ਨੰ: 2/27/2004-ਰਸ1/1763-71, ਮਿਤੀ 30.12.2004 ਅਤੇ ਨੰ: 3/28/2009-ਰਸ1/1601, ਮਿਤੀ 9/11/2009 ਵੱਲ ਦਿਵਾਉਂਦੇ ਹੋਏ ਇਹ ਦੱਸਣਾ ਚਾਹੁੰਦਾ ਹਾਂ ਕਿ ਭਰਤੀ ਲਈ ਬਣਾਈ ਗਈ ਮੈਰਿਟ ਸੂਚੀ ਵਿੱਚ ਆਏ ਅਨੁਸੂਚਿਤ ਜਾਤੀ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਉਮਦੀਵਾਰਾਂ/ਵਿਦਿਆਰਥੀਆਂ ਨੂੰ ਰਿਜ਼ਰਵੇਸ਼ਨ ਦਾ ਹਿਸਾਬ ਲਗਾਉਂਦੇ ਸਮੇਂ ਕਈ ਵਿਭਾਗਾਂ/ਭਰਤੀ ਬੋਰਡ/ਲੋਕ ਸੇਵਾ ਕਮਿਸ਼ਨ ਵੱਲੋਂ ਜਨਰਲ ਵਰਗ ਵਿੱਚ ਗਿਣਣ ਦੀ ਬਜਾਏ ਰਾਖਵੇਂਕਰਨ ਵਿੱਚ ਗਿਣਣ ਸਬੰਧੀ ਮਾਮਲਾ ਸਰਕਾਰ ਦੇ ਧਿਆਨ ਵਿੱਚ ਆਇਆ ਹੈ।

2. ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਕੈਟਾਗਰੀ ਦੇ ਕਰਮਚਾਰੀਆਂ/ਅਧਿਕਾਰੀਆਂ ਦੀ ਭਰਤੀ ਦੇ ਸਮੇਂ ਪ੍ਰੀਖਿਆ ਪਰਿਣਾਮ ਦੀ ਕੇਵਲ ਇੱਕ ਮੈਰਿਟ ਲਿਸਟ ਹੀ ਬਣਾਈ ਜਾਣੀ ਚਾਹੀਦੀ ਹੈ ਅਤੇ ਇਸ ਵਿੱਚ ਜੋ ਵੀ ਪ੍ਰੀਖਿਆਰਥੀ ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਵਰਗ ਨਾਲ ਸਬੰਧ ਰੱਖਦੇ ਹੋਣ ਅਤੇ ਤੈਅਸ਼ੁਦਾ ਮੈਰਿਟ ਵਿੱਚ ਆ ਜਾਂਦੇ ਹਨ, ਤਾਂ ਉਨ੍ਹਾਂ ਨੂੰ ਜਨਰਲ ਕੈਂਡੀਡੇਟ ਵਜੋਂ ਗਿਣਿਆ ਜਾਣਾ ਹੈ।

3. ਇਹ ਵੀ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਕਰਮਚਾਰੀ/ਅਧਿਕਾਰੀ ਵੱਲੋਂ ਰਿਜ਼ਰਵੇਸ਼ਨ ਨੀਤੀ ਦੀ ਉਲੰਘਣਾ ਕੀਤੀ ਗਈ ਤਾਂ ਉਸ ਵਿਰੁੱਧ ਰਿਜ਼ਰਵੇਸ਼ਨ ਐਕਟ, 2006 ਦੇ ਸੈਕਸ਼ਨ-8 ਜਾਂ ਅਨੁਸੂਚਿਤ ਜਾਤੀਆਂ ਦੇ ਖਿਲਾਫ਼ ਅੱਤਿਆਚਾਰ ਜਾਂ ਵਿਤਕਰੇ ਬਾਰੇ ਬਣੇ ਅਜਿਹੇ ਹੋਰ ਐਕਟ ਵਿੱਚ ਦਰਜ਼ ਉਪਬੰਧਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

4. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਵਿਭਾਗਾਂ ਅਤੇ ਕੰਮ ਕਰ ਰਹੇ ਕਰਮਚਾਰੀਆਂ/ਅਧਿਕਾਰੀਆਂ ਦੇ ਧਿਆਨ ਵਿੱਚ ਇੰਨ-ਬਿੰਨ ਪਾਲਣਾ ਹਿੱਤ ਲਿਆਉਣ ਦੀ ਖੇਚਲ ਕੀਤੀ ਜਾਵੇ।

ਸਕੱਤਰ ਭਲਾਈ
9/9/2015

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ ਭਲਾਈ
9/9

ਸੇਵਾ ਵਿਖੇ,

ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼,
ਰਾਜ ਦੇ ਸਮੂਹ ਪ੍ਰਮੁੱਖ ਸਕੱਤਰ ਅਤੇ
ਸਮੂਹ ਪ੍ਰਬੰਧਕੀ ਸਕੱਤਰ।

ਅੰ.ਵਿ.ਪੱ.ਨੰ: 6/22/2015-ਰਸ1/ 58652/2 ਮਿਤੀ, ਚੰਡੀਗੜ੍ਹ: 11-9-2015
ਪਿੱਠ ਅੰਕਣ ਨੰ: 6/22/2015-ਰਸ1/58652/3-5 ਮਿਤੀ, ਚੰਡੀਗੜ੍ਹ: 11-9-2015

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਸੈਕਟਰ-34, ਚੰਡੀਗੜ੍ਹ।
2. ਚੇਅਰਮੈਨ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਚੌਥੀ ਮੰਜਿਲ, ਪੰਜਾਬ ਸਿਵਲ ਸਕੱਤਰੇਤ-1, ਸੈਕਟਰ-1, ਚੰਡੀਗੜ੍ਹ।
3. ਚੇਅਰਮੈਨ, ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ, ਵਣ ਵਿਭਾਗ, ਦੂਜੀ ਮੰਜਿਲ, ਟਾਵਰ ਨੰ:5, ਸੈਕਟਰ-68, ਐਸ.ਏ.ਐਸ.ਨਗਰ (ਮੁਹਾਲੀ)।

ਸਕੱਤਰ ਭਲਾਈ
9/9/2015